# ਤਰਜੀਹੀ ਵੋਟਿੰਗ ਮੁੜ ਤੋਂ ਸ਼ੁਰੂ ਹੋ ਰਹੀ ਹੈ!

**ਇਸ ਜੂਨ, NYC ਸ਼ਹਿਰ ਦੀਆਂ ਸਾਰੀਆਂ ਪ੍ਰਮੁੱਖ ਚੋਣਾਂ ਵਿੱਚ ਤਰਜੀਹੀ ਵੋਟਿੰਗ ਦੀ ਵਰਤੋਂ ਕਰੇਗੀ।**

NYC VOTES

- ☑ ਆਪਣੀ ਪਹਿਲੀ ਪਸੰਦ ਦਾ ਉਮੀਦਵਾਰ ਚੁਣੋ ਅਤੇ ਪਹਿਲੇ ਕਾੱਲਮ ਹੇਠ ਉਹਨਾਂ ਦੇ ਨਾਂ ਦੇ ਸਾਹਮਣੇ ਅੰਡਾਕਾਰ ਥਾਂ ਭਰੋ।
- ☑ ਫਿਰ, ਆਪਣੀ ਦੂਜੀ ਪਸੰਦ ਦਾ ਉਮੀਦਵਾਰ ਚੁਣੋ ਅਤੇ ਦੂਜੇ ਕਾੱਲਮ ਹੇਠ ਉਹਨਾਂ ਦੇ ਨਾਂ ਦੇ ਸਾਹਮਣੇ ਅੰਡਾਕਾਰ ਥਾਂ ਭਰੋ।
- ☑ ਇਹੀ ਤਰੀਕਾ ਆਪਣੀ ਤੀਜੀ, ਚੌਥੀ ਅਤੇ ਪੰਜਵੀਂ ਪਸੰਦ ਦੇ ਉਮੀਦਵਾਰਾਂ ਲਈ ਦੁਹਰਾਓ।
- ☑ ਜ਼ਿਆਦਾ ਤੋਂ ਜ਼ਿਆਦਾ ਉਮੀਦਵਾਰਾਂ ਨੂੰ ਵੋਟ ਪਾਉਣਾ ਅੰਤਮ ਨਤੀਜਿਆਂ ਵਿੱਚ ਤੁਹਾਨੂੰ ਆਪਣੀ ਗੱਲ ਰੱਖਣ ਦਾ ਮੌਕਾ ਦਿੰਦਾ ਹੈ।

NYC VOTES










NYC VOTES

# ਤਾਰੀਖ਼ਾਂ:

**14 — 22 ਜੂਨ:** ਅਗਾਊਂ ਵੋਟਿੰਗ

**24 ਜੂਨ:** ਪ੍ਰਮੁੱਖ ਚੋਣ ਦਿਹਾੜਾ

# ਅੰਤਮ-ਤਾਰੀਖ਼ਾਂ

**14 ਜੂਨ:** ਡਾਕ ਵੋਟ-ਪਰਚੀ (ਆੱਨਲਾਈਨ/ਡਾਕ) ਮੰਗਵਾਉਣ ਅਤੇ ਵੋਟ ਪਾਉਣ ਲਈ ਰਜਿਸਟਰ ਕਰਨ ਦਾ ਅੰਤਮ ਦਿਨ

**23 ਜੂਨ:** ਚੋਣ ਬੋਰਡ (Board of Elections, BOE) ਵਿਖੇ ਆਪ ਜਾਕੇ ਡਾਕ ਵੋਟ-ਪਰਚੀ ਲਈ ਬੇਨਤੀ ਕਰਨ ਦਾ ਅੰਤਮ ਦਿਨ

**24 ਜੂਨ:** ਆਪਣੀ ਡਾਕ ਵੋਟ-ਪਰਚੀ ਜਮ੍ਹਾ ਕਰਾਉਣ ਦਾ ਅੰਤਮ ਦਿਨ – ਡਾਕ ਰਾਹੀਂ ਜਾਂ ਆਪਣੀ ਪੋਲ ਸਾਈਟ ਵਿਖੇ

# ਵੋਟ-ਪਰਚੀ 'ਤੇ ਅਹੁਦੇ:

ਤਰਜੀਹੀ ਵੋਟਿੰਗ ਦੀ ਵਰਤੋਂ ਸਿਰਫ ਮੇਅਰ, ਸਰਕਾਰੀ ਵਕੀਲ, ਕੰਪਟ੍ਰੋਲਰ, ਬਰੋ ਦਾ ਪ੍ਰਧਾਨ ਅਤੇ ਸਿਟੀ ਕੌਂਸਲ ਲਈ ਹੀ ਕੀਤੀ ਜਾਂਦੀ ਹੈ।

- **ਮੇਅਰ**
- **ਸਰਕਾਰੀ ਵਕੀਲ**
- **ਕੰਪਟ੍ਰੋਲਰ**
- **ਬਰੋ ਦਾ ਪ੍ਰਧਾਨ**
- **ਸਿਟੀ ਕੌਂਸਲ**
- **ਡਿਸਟ੍ਰਿਕਟ ਅਟਾਰਨੀ**
- **ਸੁਪਰੀਮ ਅਦਾਲਤ ਅਤੇ ਸਿਵਿਲ ਅਦਾਲਤ ਦੇ ਜੱਜ**

ਤੁਹਾਡੀ ਵੋਟ-ਪਰਚੀ 'ਤੇ ਇਹ ਅਹੁਦੇ ਤੁਹਾਡੀ ਕਾਉਂਟੀ ਅਤੇ ਤੁਹਾਡੀ ਪਾਰਟੀ ਸਦੱਸਤਾ ਦੇ ਮੁਤਾਬਕ ਹੋ ਸਕਦੇ ਹਨ।

**ਤਰਜੀਹੀ ਵੋਟਿੰਗ ਬਾਰੇ ਅਤੇ ਹੋਰ ਜਾਣਨ ਲਈ**
**nycvotes.org/rcv/pa 'ਤੇ ਜਾਓ!**

NYC VOTES